# ਤੁਹਾਡਾ ਨਵਾਂ ਡਿਵਾਇਸ (ਉਪਕਰਨ)

## ਵਰਤੋਂਕਾਰ ਲਈ ਸਮਝੌਤਾ

**[Organisation name]**

ਨੂੰ ਤੁਹਾਨੂੰ ਨਵਾਂ ਡਿਵਾਇਸ ਅਤੇ ਸਬੰਧਤ ਸਹਾਇਤਾ ਮੁਹੱਈਆ ਕਰਵਾ ਸਕਣ ਲਈ ਖ਼ੁਸ਼ੀ ਹੁੰਦੀ ਹੈ। ਜਦੋਂ ਅਸੀਂ ਇਸ ਸਮਝੌਤੇ ਵਿੱਚ "ਤੁਸੀਂ" ਦਾ ਜ਼ਿਕਰ ਕਰਦੇ ਹਾਂ, ਤਾਂ ਅਸੀਂ ਡਿਵਾਇਸ ਅਤੇ ਸਹਾਇਤਾ ਦੇ ਪ੍ਰਾਪਤਕਰਤਾ(ਵਾਂ) ਦਾ ਜ਼ਿਕਰ ਕਰ ਰਹੇ ਹੁੰਦੇ ਹਾਂ।

ਤੁਸੀਂ ਕਨੈਕਟਿੰਗ ਸਕਾੱਟਲੈਂਡ (**https://connecting.scot**) ਪ੍ਰੋਗਰਾਮ ਰਾਹੀਂ ਇਹ ਸਹਾਇਤਾ ਪ੍ਰਾਪਤ ਕਰ ਰਹੇ ਹੋ ਜਿਸ ਨੂੰ ਸਕਾੱਟਲੈਂਡ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਪ੍ਰੋਗਰਾਮ ਦਾ ਪ੍ਰਬੰਧ ਸਕਾੱਟਿਸ਼ ਕੌਂਸਲ ਫਾਰ ਵਲੰਟਰੀ ਆਰਗੇਨਾਈਜੇਸ਼ਨਜ਼ (ਐੱਸ.ਸੀ.ਵੀ.ਓ.) ਵੱਲੋਂ ਕੀਤਾ ਜਾਂਦਾ ਹੈ ਅਤੇ ਤੁਹਾਡੀ ਸਥਾਨਕ ਕੌਂਸਲ ਵੱਲੋਂ ਸਹਾਇਤਾ ਕੀਤੀ ਜਾਂਦੀ ਹੈ।

ਡਿਵਾਇਸ, ਅਤੇ ਜਿੱਥੇ ਕਿਧਰੇ ਸੰਭਵ ਹੁੰਦਾ ਹੈ, ਇੰਟਰਨੈੱਟ ਨਾਲ ਜੁੜਨ ਦੀ ਸੁਵਿਧਾ ਤੁਹਾਨੂੰ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ।

## ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ

ਜੇ ਤੁਹਾਨੂੰ ਇਸ ਡਿਵਾਇਸ, ਸਾਡੇ ਵੱਲੋਂ ਮੁਹੱਈਆ ਇੰਟਰਨੈੱਟ ਸੰਪਰਕ-ਸੁਵਿਧਾ, ਜਾਂ ਇਸ ਵਰਤੋਂਕਾਰ ਸਮਝੌਤੇ ਦੇ ਸਬੰਧ ਵਿੱਚ ਸਾਨੂੰ ਸੰਪਰਕ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਅੱਗੇ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰੋ:

**[Digital Champion name and contact details]**

ਜੇ ਤੁਹਾਨੂੰ ਕਨੈਕਟਿੰਗ ਸਕਾੱਟਲੈਂਡ ਨਾਲ ਸੰਪਰਕ ਕਰਨ ਦੀ ਲੋੜ ਹੈ, ਤਾਂ ਤੁਸੀਂ ਅੱਗੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਦਿਆਂ ਅਜਿਹਾ ਕਰ ਸਕਦੇ ਹੋ:
ਹੈਲਪਲਾਈਨ: **0800 0 590 690** (ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ)
ਈਮੇਲ: **help@connecting.scot**

## ਨਿਯਮ ਅਤੇ ਸ਼ਰਤਾਂ

**ਡਿਵਾਇਸ ਅਤੇ ਸਹਾਇਤਾ ਸਵੀਕਾਰ ਕਰਕੇ, ਤੁਸੀਂ ਇਸ ਗੱਲ ਨਾਲ ਸਹਿਮਤ ਹੁੰਦੇ ਹੋ ਕਿ ਤੁਸੀਂ ਅੱਗੇ ਦਿੱਤੇ ਨਿਯਮ ਅਤੇ ਸ਼ਰਤਾਂ ਪੜ੍ਹ ਅਤੇ ਸਮਝ ਲਈਆਂ ਹਨ, ਅਤੇ ਤੁਸੀਂ ਇਨ੍ਹਾਂ ਨਾਲ ਸਹਿਮਤ ਹੁੰਦੇ ਹੋ:**

- ਹੁਣ ਤੁਸੀਂ ਡਿਵਾਇਸ ਲੈ ਲਿਆ ਹੈ। ਪਰ, ਇਹ ਇਸ ਸਦਭਾਵ ਨਾਲ ਤੁਹਾਨੂੰ ਇਹ ਦਿੱਤਾ ਜਾ ਰਿਹਾ ਹੈ ਕਿ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਵਰਤੋਂ ਲਈ ਡਿਵਾਇਸ ਨੂੰ ਆਪਣੇ ਕੋਲ ਰੱਖੋਗੇ। ਜੇ ਤੁਹਾਨੂੰ ਡਿਵਾਇਸ ਦੀ ਅੱਗੇ ਤੋਂ ਲੋੜ ਨਹੀਂ ਹੁੰਦੀ, ਕਿਰਪਾ ਕਰਕੇ ਸਾਨੂੰ ਇਹ ਵਾਪਸ ਕਰ ਦਿਓ ਤਾਂ ਜੋ ਅਸੀਂ ਇਹ ਕਿਸੇ ਹੋਰ ਵਿਅਕਤੀ ਜਾਂ ਪਰਿਵਾਰ ਨੂੰ ਦੇ ਸਕੀਏ ਜਿਸ ਨੂੰ ਸਹਾਇਤਾ ਦੀ ਲੋੜ ਪੈਂਦੀ ਹੈ।

- ਡਿਵਾਇਸ ਅਤੇ ਇੰਟਰਨੈੱਟ ਦੀ ਸੁਰੱਖਿਅਤ ਅਤੇ ਕਾਨੂੰਨੀ ਢੰਗ ਨਾਲ ਵਰਤੋਂ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੁੰਦੀ ਹੈ। ਤੁਸੀਂ ਇਹ ਐਲਾਨ ਕਰਦੇ ਹੋ ਕਿ ਇਸ ਬਾਰੇ ਕੋਈ ਕਾਨੂੰਨੀ ਪਾਬੰਦੀ(ਆਂ) ਨਹੀਂ ਹੈ(ਹਨ) ਜੋ ਤੁਹਾਨੂੰ ਡਿਵਾਇਸ ਅਤੇ/ਜਾਂ ਇੰਟਰਨੈੱਟ ਦੀ ਵਰਤੋਂ ਕਰਨ ਤੋਂ ਰੋਕਦੀ(ਆਂ) ਹੈ(ਹਨ)।

- ਜੇ ਤੁਹਾਡੇ ਕੋਲ ਘਰੇਲੂ ਬਰਾੱਡਬੈਂਡ ਨਹੀਂ ਹੈ, ਤੁਹਾਨੂੰ ਮੋਬਾਇਲ ਵਾਈ-ਫਾਈ ਡਿਵਾਇਸ ਵੀ ਮੁਹੱਈਆ ਕੀਤਾ ਜਾਵੇਗਾ ਜੋ ਮੋਬਾਇਲ ਨੈੱਟਵਰਕ 'ਤੇ ਤੁਹਾਨੂੰ ਇੰਟਰਨੈੱਟ ਨਾਲ ਜੋੜਨ ਦੇ ਸਮਰੱਥ ਬਣਾਏਗਾ। ਇਹ ਡਿਵਾਇਸ 24 ਮਹੀਨਿਆਂ ਦੀ ਮਿਆਦ ਲਈ ਅਸੀਮਤ ਡੇਟਾ ਨਾਲ ਆਉਂਦਾ ਹੈ (ਜੋ ਉਚਿਤ ਵਰਤੋਂ ਦੀ ਨੀਤੀ ਤਹਿਤ ਹੁੰਦਾ ਹੈ)। 24 ਮਹੀਨਿਆਂ ਬਾਅਦ, ਤੁਹਾਨੂੰ ਮੋਬਾਇਲ ਡੇਟਾ ਜਾਂ ਘਰੇਲੂ ਬਰਾੱਡਬੈਂਡ ਲਈ ਆਪਣੇ ਖੁਦ ਦੇ ਇੰਤਜਾਮ ਕਰਨ ਦੀ ਲੋੜ ਹੋਵੇਗੀ। ਅਸੀਂ ਵਿਕਲਪਾਂ ਬਾਰੇ ਤੁਹਾਡੀ ਸਮਝਣ ਵਿੱਚ ਮਦਦ ਲਈ ਸਮਾਂ ਦੇ ਨਜ਼ਦੀਕ ਆਉਣ 'ਤੇ ਅਗਲੇਰੀ ਜਾਣਕਾਰੀ ਮੁਹੱਈਆ ਕਰਾਂਗੇ। ਇਸ ਮੋਬਾਇਲ ਕਨੈਕਸ਼ਨ ਲਈ ਇਕਰਾਰਨਾਮਾ ਐੱਸ.ਸੀ.ਵੀ.ਓ. ਕੋਲ ਹੁੰਦਾ ਹੈ ਅਤੇ ਉਹ ਤੁਹਾਡੇ ਡੇਟਾ ਦੀ ਵਰਤੋ ਦਾ ਨਿਰੀਖਣ ਕਰ ਸਕੇਗੀ ਪਰ ਇਹ ਨਹੀਂ ਦੇਖ ਸਕੇਗੀ ਕਿ ਤੁਸੀਂ ਇੰਟਰਨੈੱਟ ਦੀ ਵਰਤੋਂ ਕਿਸ ਲਈ ਕਰਦੇ ਹੋ ਅਤੇ/ਜਾਂ ਕਿਹੜੀਆਂ ਵੈਬਸਾਈਟਾਂ 'ਤੇ ਤੁਸੀਂ ਜਾਂਦੇ ਹੋ - ਐੱਸ.ਸੀ.ਵੀ.ਓ. ਮਹਿਜ਼ ਤੁਹਾਡੇ ਡੇਟਾ ਦੀ ਵਰਤੋਂ ਦੇਖਦੀ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਐੱਸ.ਸੀ.ਵੀ.ਓ. ਉਸ ਸਮੇਂ ਮੋਬਾਇਲ ਵਾਈ-ਫਾਈ ਨੂੰ ਬੰਦ ਕਰ ਸਕਦੀ ਹੈ ਜੇ ਇਸ ਨੂੰ ਸਪਲਾਈ ਕੀਤੇ ਜਾਣ ਦੇ ਕੁਝ ਮਹੀਨਿਆਂ ਅੰਦਰ ਨਹੀਂ ਵਰਤਿਆ ਜਾਂਦਾ। ਜੇ ਤੁਹਾਨੂੰ ਆਪਣੇ ਕਨੈਕਸ਼ਨ ਸਬੰਧੀ ਸਮੱਸਿਆ ਹੈ ਤਾਂ ਤੁਸੀਂ ਵੋਡਾਫ਼ੋਨ ਨਾਲ ਸਿੱਧਾ ਸੰਪਰਕ ਨਹੀਂ ਕਰ ਸਕੋਗੇ, ਇਸ ਲਈ ਤੁਹਾਨੂੰ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਾਂ ਫੇਰ ਫ੍ਰੀ-ਫ਼ੋਨ ਕਨੈਕਟਿੰਗ ਸਕਾੱਟਲੈਂਡ ਹੈਲਪਲਾਈਨ ਨੂੰ ਕਾਲ ਕਰੋ। ਤੁਸੀਂ ਵੋਡਾਫ਼ੋਨ ਦੇ ਨਿਯਮਾਂ ਅਤੇ ਸ਼ਰਤਾਂ ਮੁਤਾਬਕ ਮੋਬਾਇਲ ਵਾਈ-ਫਾਈ ਡਿਵਾਇਸ ਵਰਤਣ ਲਈ ਸਹਿਮਤ ਹੁੰਦੇ ਹੋ। ਤੁਸੀਂ ਇਹ ਗੱਲ ਸਮਝਦੇ ਹੋ ਕਿ ਜੇ ਤੁਸੀਂ ਮੁਹੱਈਆ ਕਰਵਾਏ ਗਏ ਇੰਟਰਨੈੱਟ ਸੰਪਰਕ ਦੀ ਦੁਰਵਰਤੋਂ ਕਰਦੇ ਹੋ, ਤਾਂ ਇਸ ਨੂੰ ਤੁਹਾਨੂੰ ਨੋਟਿਸ ਦਿੱਤੇ ਬਗ਼ੈਰ ਰੱਦ ਜਾਂ ਮੁਲਤਵੀ ਕੀਤਾ ਜਾ ਸਕਦਾ ਹੈ।

- ਡਿਵਾਇਸ ਦੇ ਨੁਕਸਾਂ ਨੂੰ ਉਤਪਾਦਕ ਦੀ ਵਾਰੰਟੀ ਰਾਹੀਂ ਕਵਰ ਕੀਤਾ ਜਾ ਸਕਦਾ ਹੈ ਪਰ ਇਹ ਵਾਰੰਟੀ ਕਿਸੇ ਵੀ ਨੁਕਸਾਨ ਨੂੰ ਕਵਰ ਨਹੀਂ ਕਰਦੀ ਜੋ ਤੁਸੀਂ ਡਿਵਾਇਸ ਨੂੰ ਪਹੁੰਚਾਉਂਦੇ ਹੋ, ਜਿਸ ਵਿੱਚ ਅਚਾਨਕ ਹੋਇਆ ਨੁਕਸਾਨ ਵੀ ਸ਼ਾਮਲ ਹੈ। ਜੇ ਤੁਹਾਡੇ ਡਿਵਾਇਸ ਵਿੱਚ ਨੁਕਸ ਹੈ ਤਾਂ ਤੁਸੀਂ ਉੱਪਰ ਨੋਟ ਕੀਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਦੇ ਹੋਏ ਸਾਨੂੰ ਇਸ ਬਾਰੇ ਦੱਸ ਸਕਦੇ ਹੋ।

- ਡਿਵਾਇਸ ਦੀ ਸਰਵਿਸ, ਸਾਂਭ-ਸੰਭਾਲ ਅਤੇ ਧਿਆਨ ਰੱਖਣ ਦੀ ਜ਼ਿੰਮੇਵਾਰੀ ਤੁਹਾਡੀ ਹੈ। ਸਾਡੀ ਡਿਵਾਇਸ ਦੀ ਸਰਵਿਸ ਕਰਨ ਜਾਂ ਸਾਂਭ-ਸੰਭਾਲ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ ਅਤੇ ਨਾ ਹੀ ਐੱਸ.ਸੀ.ਵੀ.ਓ., ਸਕਾੱਟਲੈਂਡ ਸਰਕਾਰ ਜਾਂ ਤੁਹਾਡੀ ਲੋਕਲ ਕੌਂਸਲ ਦੀ ਹੁੰਦੀ ਹੈ। ਤੁਸੀਂ ਆਪਣੇ ਡਿਵਾਇਸ ਲਈ ਉਤਪਾਦਕ ਦੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਲਈ ਸਹਿਮਤ ਹੁੰਦੇ ਹੋ।

- ਜੇ ਤੁਹਾਨੂੰ ਡਿਵਾਇਸ ਨੂੰ ਸੈੱਟ-ਅੱਪ ਕਰਨ ਅਤੇ/ਜਾਂ ਵਰਤਣ ਲਈ ਕਿਸੇ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਭ ਤੋਂ ਪਹਿਲਾਂ ਸਾਨੂੰ ਸੰਪਰਕ ਕਰੋ। ਤੁਸੀਂ ਕਨੈਕਟਿੰਗ ਸਕਾੱਟਲੈਂਡ ਹੈਲਪਲਾਈਨ ਨੂੰ ਵੀ ਕਾਲ ਕਰ ਸਕਦੇ ਹੋ।

- ਕਿਉਂਕਿ ਕਨੈਕਟਿੰਗ ਸਕਾੱਟਲੈਂਡ ਨੂੰ ਸਕਾੱਟਲੈਂਡ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਅਤੇ ਤੁਹਾਡੀ ਲੋਕਲ ਕੌਂਸਲ ਦੀ ਭਾਈਵਾਲੀ ਨਾਲ ਐੱਸ.ਸੀ.ਵੀ.ਓ. ਵੱਲੋਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ, ਇਸ ਲਈ ਅਸੀਂ ਇਨ੍ਹਾਂ ਸੰਸਥਾਵਾਂ ਨੂੰ ਤੁਹਾਡੇ ਬਾਰੇ ਅਤੇ ਤੁਹਾਡੇ ਵੱਲੋਂ ਡਿਵਾਇਸ ਅਤੇ ਸਹਾਇਤਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਮੁਹੱਈਆ ਕਰਦੇ ਹਾਂ। ਇਹ ਡੇਟਾ ਸਾਂਝਾ ਕਰਨ ਬਾਰੇ ਜ਼ਿਆਦਾ ਜਾਣਕਾਰੀ ਇਸ ਸਮਝੌਤੇ ਦੀ ਅੰਤਿਕਾ ਨਾਲ ਕਨੈਕਟਿੰਗ ਸਕਾੱਟਲੈਂਡ ਦੇ ਨਿੱਜਤਾ ਨੋਟਿਸ ਵਿੱਚ ਉਪਬਲਧ ਹੈ। ਤੁਸੀਂ ਇੱਥੇ ਵੀ ਨਿੱਜਤਾ ਨੋਟਿਸ ਤੱਕ ਪਹੁੰਚ ਕਰ ਸਕਦੇ ਹੋ: www.connecting.scot/privacy। ਵਿਹਾਰਾਂ ਅਤੇ ਕਾਨੂੰਨ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਸਮੇਂ-ਸਮੇਂ 'ਤੇ ਇਸ ਨਿੱਜਤਾ ਨੋਟਿਸ ਨੂੰ ਅੱਪਡੇਟ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਅਸੀਂ ਇਹ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇੰਟਰਨੈੱਟ ਪਹੁੰਚ ਪ੍ਰਾਪਤ ਕਰਨ ਤੋਂ ਬਾਅਦ ਲਿੰਕ 'ਤੇ ਸਮੇਂ-ਸਮੇਂ 'ਤੇ ਨਿੱਜਤਾ ਨੋਟਿਸ ਦੀ ਪੜਚੋਲ ਕਰੋ। ਤੁਸੀ ਇਸ ਗੱਲ ਸਵੀਕਾਰ ਕਰਦੇ ਹੋ ਅਤੇ ਸਹਿਮਤ ਹੁੰਦੇ ਹੋ ਕਿ ਤੁਸੀਂ ਇਸ ਨਿੱਜਤਾ ਨੋਟਿਸ ਨੂੰ ਪੜ੍ਹ ਅਤੇ ਸਮਝ ਲਿਆ ਹੈ।

- ਜੇ ਤੁਸੀਂ ਅਗਲੇ 24 ਮਹੀਨਿਆਂ ਦੌਰਾਨ ਆਪਣੇ ਸੰਪਰਕ ਵੇਰਵੇ ਬਦਲਦੇ ਹੋ ਤਾਂ ਤੁਸੀਂ ਸਾਨੂੰ ਇਸ ਬਾਰੇ ਦੱਸਣ ਲਈ ਸਹਿਮਤ ਹੁੰਦੇ ਹੋ।

- ਤੁਸੀਂ ਇਸ ਗੱਲ ਨੂੰ ਸਮਝਦੇ ਹੋ ਕਿ ਤੁਹਾਨੂੰ ਅਗਲੇ 24 ਮਹੀਨਿਆਂ ਦੌਰਾਨ ਸਾਡੇ ਵੱਲੋਂ ਜਾਂ ਕਨੈਕਟਿੰਗ ਸਕਾੱਟਲੈਂਡ ਟੀਮ ਵੱਲੋਂ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਜੋ ਅਸੀਂ ਉਨ੍ਹਾਂ ਫਾਇਦਿਆਂ ਬਾਰੇ ਜਾਣ ਸਕੀਏ ਜੋ ਘਰ ਵਿੱਚ ਡਿਵਾਇਸ ਅਤੇ ਇੰਟਰਨੈੱਟ ਰੱਖਣ ਨਾਲ ਤੁਹਾਨੂੰ ਹੋਏ ਹਨ।

- ਤੁਹਾਨੂੰ ਪਤਾ ਹੈ ਕਿ ਕਨੈਕਟਿੰਗ ਸਕਾੱਟਲੈਂਡ ਨੂੰ ਸਕਾੱਟਲੈਂਡ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਅਤੇ ਤੁਹਾਡੀ ਲੋਕਲ ਕੌਂਸਲ ਦੀ ਭਾਈਵਾਲੀ ਨਾਲ ਐੱਸ.ਸੀ.ਵੀ.ਓ. ਵੱਲੋਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ, ਅਤੇ ਇਸ ਲਈ ਇਨ੍ਹਾਂ ਦੂਜੀਆਂ ਧਿਰਾਂ ਦੇ ਵੀ ਇਸ ਸਮਝੌਤੇ ਤਹਿਤ ਅਧਿਕਾਰ ਹੁੰਦੇ ਹਨ।

ਮੈਂ ਇਸ ਵਰਤੋਂਕਾਰ ਸਮਝੌਤੇ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਸ਼ਰਤਾਂ ਨੂੰ ਸਵੀਕਾਰ ਕਰਨ ਲਈ ਸਹਿਮਤ ਹੁੰਦਾ/ਹੁੰਦੀ ਹਾਂ:

ਤੁਹਾਡਾ ਨਾਮ

ਤੁਹਾਡੇ ਦਸਤਖ਼ਤ

ਮਿਤੀ

### ਵਰਤੋਂਕਾਰ ਸਮਝੌਤੇ ਦੀ ਅੰਤਿਕਾ 1

# ਨਿੱਜਤਾ ਨੋਟਿਸ

## ਇਸ ਨਿੱਜਤਾ ਨੋਟਿਸ ਦਾ ਉਦੇਸ਼

ਜੇ ਤੁਸੀਂ ਕਨੈਕਟਿੰਗ ਸਕਾਟਲੈਂਡ ਪ੍ਰੋਗਰਾਮ (https://connecting.scot) ਤਹਿਤ ਡਿਵਾਇਸ ਅਤੇ/ਜਾਂ ਸਹਾਇਤਾ ਪ੍ਰਾਪਤ ਕਰਨਾ ਹੈ ਤਾਂ ਇਹ ਨਿੱਜਤਾ ਨੋਟਿਸ ਤੁਹਾਨੂੰ ਇਹ ਦੱਸੇਗਾ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕਰਦੇ ਹਾਂ, ਅਤੇ ਤੁਹਾਡੇ ਅਧਿਕਾਰਾਂ ਬਾਰੇ ਦੱਸਦਾ ਹੈ ਜੋ ਤੁਹਾਡੇ ਕੋਲ ਆਪਣੇ ਨਿੱਜੀ ਡੇਟਾ ਬਾਰੇ ਹੁੰਦੇ ਹਨ।

ਅਸੀਂ ਆਪਣੇ ਵਿਹਾਰਾਂ ਜਾਂ  ਕਾਨੂੰਨ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਸਮੇਂ-ਸਮੇਂ ’ਤੇ ਇਸ ਨਿੱਜਤਾ ਨੋਟਿਸ ਨੂੰ ਅੱਪਡੇਟ ਕਰ ਸਕਦੇ ਹਾਂ ਪਰ ਜੇ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਵਾਜਬ ਤੌਰ ’ਤੇ ਵਿਵਹਾਰਕ ਹੋਣ ਮੁਤਾਬਕ ਤੁਹਾਨੂੰ ਨਿੱਜਤਾ ਨੋਟਿਸ ਦੀ ਅੱਪਡੇਟ ਕੀਤੀ ਕਾਪੀ ਤੱਕ ਪਹੁੰਚ ਮੁਹੱਈਆ ਕਰਵਾਵਾਂਗੇ। ਇਹ ਨਿੱਜਤਾ ਨੋਟਿਸ ਆਖ਼ਰੀ ਵਾਰੀ 20/11/2020 ਨੂੰ ਅੱਪਡੇਟ ਕੀਤਾ ਗਿਆ ਸੀ।

## ਅਸੀਂ ਕੌਣ ਹਾਂ

ਕਨੈਕਟਿੰਗ ਸਕਾਟਲੈਂਡ ਪ੍ਰੋਗਰਾਮ ਨੂੰ ਸਕਾਟਲੈਂਡ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਇਸ ਵੱਲੋਂ ਚਲਾਇਆ ਜਾਂਦਾ ਹੈ। ਸਕਾੱਟਿਸ਼ ਕੌਂਸਲ ਫਾਰ ਵਲੰਟਰੀ ਆਰਗੇਨਾਈਜੇਸ਼ਨਜ਼ (ਐੱਸ.ਸੀ.ਵੀ.ਓ.) ਵੱਲੋਂ ਸਕਾੱਟਲੈਂਡ ਸਰਕਾਰ ਤਰਫੋਂ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਂਦਾ ਹੈ - ਐੱਸ.ਸੀ.ਵੀ.ਓ. ਸਕਾੱਟਲੈਂਡ ਵਿੱਚ ਰਜਿਸਟਰ ਇੱਕ ਚੈਰਿਟੀ ਹੈ ਜਿਸ ਦਾ ਚੈਰਿਟੀ ਨੰਬਰ SC003558 ਹੈ ਅਤੇ Mansfield Traquair Centre, 15 Mansfield Place, Edinburgh, EH3 6BB  ਵਿਖੇ ਇਸ ਦਾ ਰਜਿਸਟਰ ਦਫ਼ਤਰ ਹੈ। ਕਨੈਕਟਿੰਗ ਸਕਾੱਟਲੈਂਡ ਦੀ ਤੁਹਾਡੀ ਲੋਕਲ ਕੌਂਸਲ ਅਤੇ ਤੀਜੇ ਸੈਕਟਰ ਜਾਂ ਜਨਤਕ ਸੈਕਟਰ ਦੇ ਸੰਗਠਨ ਵੱਲੋਂ ਵੀ ਸਹਾਇਤਾ ਕੀਤੀ ਜਾਂਦੀ ਹੈ ਜੋ ਤੁਹਾਨੂੰ ਪ੍ਰੋਗਰਾਮ ਤਹਿਤ ਡਿਵਾਇਸ ਅਤੇ ਸਹਾਇਤਾ ਮੁਹੱਈਆ ਕਰਦੇ ਹਨ।

ਕਨੈਕਟਿੰਗ ਸਕਾੱਟਲੈਂਡ ਪ੍ਰੋਗਰਾਮ ਦੇ ਉਦੇਸ਼ ਲਈ, ਤੁਹਾਨੂੰ ਕੁਝ ਨਿੱਜੀ ਡੇਟਾ ਮੁਹੱਈਆ ਕੀਤਾ ਜਾਵੇਗਾ। ਸਕਾੱਟਲੈਂਡ ਸਰਕਾਰ ਆਮ ਤੌਰ ’ਤੇ ਉਸ ਨਿੱਜੀ ਡੇਟਾ ਦੀ ਡੇਟਾ ਕੰਟਰੋਲਰ ਹੁੰਦੀ ਹੈ ਜੋ ਤੁਸੀਂ ਪ੍ਰੋਗਰਾਮ ਨੂੰ ਮੁਹੱਈਆ ਕਰਦੇ ਹੋ, ਅਤੇ ਐੱਸ.ਸੀ.ਵੀ.ਓ. ਸਕਾੱਟਲੈਂਡ ਸਰਕਾਰ ਦੀ ਡੇਟਾ ਪ੍ਰੋਸੈਸਰ ਹੈ - ਅਜਿਹਾ ਇਸ ਲਈ ਹੈ ਕਿਉਂਕਿ ਐੱਸ.ਸੀ.ਵੀ.ਓ. ਸਕਾੱਟਲੈਂਡ ਸਰਕਾਰ ਤਰਫੋਂ ਡੇਟਾ ਸਟੋਰ ਕਰਦੀ ਹੈ ਅਤੇ ਇਸ ਦਾ ਪ੍ਰਬੰਧ ਕਰਦੀ ਹੈ। ਇਸ ਨਿੱਜਤਾ ਨੋਟਿਸ ਤਹਿਤ, “**ਅਸੀਂ**”, “**ਸਾਨੂੰ**”, “**ਸਾਡਾ**” ਦੇ ਹਵਾਲਿਆਂ ਦਾ ਅਰਥ ਸਕਾੱਟਲੈਂਡ ਸਰਕਾਰ ਹੈ।

ਜਿਹੜਾ ਸੰਗਠਨ ਤੁਹਾਨੂੰ ਡਿਵਾਇਸ ਮੁਹੱਈਆ ਕਰੇਗਾ ਉਹ ਵੀ ਸਕਾੱਟਲੈਂਡ ਸਰਕਾਰ ਦਾ ਪ੍ਰੋਸੈਸਰ ਹੈ ਕਿਉਂਕਿ ਉਹ ਤੁਹਾਡੇ ਤੋਂ ਨਿੱਜੀ ਡੇਟਾ ਇਕੱਤਰ ਕਰਦਾ ਹੈ (ਅਤੇ ਇਹ ਐੱਸ.ਸੀ.ਵੀ.ਓ. ਨੂੰ ਮੁਹੱਈਆ ਕਰਦਾ ਹੈ)।

## ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ

ਜੇ ਇਸ ਨਿੱਜਤਾ ਨੋਟਿਸ ਸਬੰਧੀ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ ਜਾਂ ਇਸ ਬਾਰੇ ਕਿ ਅਸੀਂ ਕਨੈਕਟਿੰਗ ਸਕਾੱਟਲੈਂਡ ਪ੍ਰੋਗਰਾਮ ਦੇ ਉਦੇਸ਼ਾਂ ਲਈ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕਰਦੇ ਹਾਂ, ਤਾਂ ਤੁਸੀਂ ਅੱਗੇ ਦਿੱਤੇ ਵੇਰਵਿਆਂ ’ਤੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

ਤੁਸੀਂ ਈਮੇਲ ਜਾਂ ਫ਼ੋਨ ਰਾਹੀਂ ਇੱਥੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ:

**help@connecting.scot**
**0800 0 590 690**

## ਅਸੀਂ ਕਿਹੜੀ ਜਾਣਕਾਰੀ ਇਕੱਤਰ ਕਰਦੇ ਹਾਂ?

ਤੁਹਾਡੇ ਬਾਰੇ ਜੋ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ ਉਸ ਵਿੱਚ ਸ਼ਾਮਲ ਹੋ ਸਕਦਾ ਹੈ:

- ਨਾਮ
- ਜਨਮ ਮਿਤੀ
- ਸੰਪਰਕ ਫ਼ੋਨ ਨੰਬਰ
- ਈਮੇਲ ਪਤਾ
- ਟਾਊਨ/ਸਿਟੀ
- ਪੋਸਟਕੋਡ
- ਲੋਕਲ ਅਥਾਰਟੀ
- ਪਰਿਵਾਰ ਵਿੱਚ ਬਾਲਗਾਂ ਦੀ ਗਿਣਤੀ
- ਪਰਿਵਾਰ ਵਿੱਚ ਬੱਚਿਆਂ ਦੀ ਗਿਣਤੀ
- ਪਰਿਵਾਰ ਵਿੱਚ ਬਾਲਗਾਂ ਦੀਆਂ ਉਮਰਾਂ
- ਪਰਿਵਾਰ ਵਿੱਚ ਬੱਚਿਆਂ ਦੀਆਂ ਉਮਰਾਂ
- ਇਸ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਲਈ ਤੁਸੀਂ ਕਿਹੜਾ ਮਾਪਦੰਡ ਪੂਰਾ ਕਰਦੇ ਹੋ - ਖਾਸ ਤੌਰ 'ਤੇ ਇਸ ਬਾਰੇ ਕਿ ਕੀ ਤੁਹਾਡੇ ਕੋਲ ਤੁਹਾਡੇ ਨਾਲ ਰਹਿੰਦੇ ਬੱਚੇ ਹਨ, ਕੀ ਤੁਸੀਂ ਕੇਅਰ ਲੀਵਰ ਹੋ ਜਾਂ ਕੋਈ ਹੋਰ ਕਮਜ਼ੋਰੀ ਹੈ ਜਿਸ ਨਾਲ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਤੁਹਾਨੂੰ ਜ਼ਿਆਦਾ ਇਕੱਲੇ ਹੋਣ ਦੀ ਸੰਭਾਵਨਾ ਹੈ।
- ਕੀ ਤੁਹਾਨੂੰ ਅਪਾਹਜਤਾ ਹੈ
- ਪਰਿਵਾਰ ਵਿੱਚ ਡਿਜੀਟਲ ਜ਼ਰੂਰਤ ਦਾ ਪੱਧਰ
- ਪਰਿਵਾਰ ਵਿੱਚ ਡਿਜੀਟਲ ਹੁਨਰਾਂ ਅਤੇ ਵਿਸ਼ਵਾਸ ਦਾ ਪੱਧਰ
- ਡਿਵਾਇਸ ਸਿਮ (ਐੱਸ.ਆਈ.ਐੱਮ.) ਮੋਬਾਇਲ ਨੰਬਰ

ਅਸੀਂ ਪਰਸਪਰ-ਗੱਲਬਾਤ ਦੇ ਵੇਰਵਿਆਂ ਨੂੰ ਵੀ ਰਿਕਾਰਡ ਕਰ ਸਕਦੇ ਹਾਂ ਜੋ ਅਸੀਂ ਜਾਂ ਸਾਡੇ ਭਾਈਵਾਲ ਪ੍ਰੋਗਰਾਮ ਦੇ ਉਦੇਸ਼ਾਂ ਲਈ ਤੁਹਾਡੇ ਨਾਲ ਕਰਦੇ ਹਨ - ਮਿਸਾਲ ਲਈ ਜੇ ਤੁਸੀਂ ਸਹਾਇਤਾ ਲਈ ਈਮੇਲ ਜਾਂ ਕਾਲ ਕਰਦੇ ਹੋ। ਇਨ੍ਹਾਂ ਵੇਰਵਿਆਂ ਨੂੰ ਰਿਕਾਰਡ ਕੀਤਾ ਅਤੇ ਸਟੋਰ ਕੀਤਾ ਜਾਵੇਗਾ।
ਅਸੀਂ ਪ੍ਰੋਗਰਾਮ ਬਾਰੇ ਪ੍ਰਤੀਕਰਮ ਲਈ ਵੀ ਤੁਹਾਡੇ ਤੋਂ ਪੁੱਛ ਸਕਦੇ ਹਾਂ ਅਤੇ ਅਸੀਂ ਇਸ ਉਦੇਸ਼ ਲਈ ਤੁਹਾਡੇ ਤੋਂ ਜਾਣਕਾਰੀ ਇਕੱਤਰ ਕਰਾਂਗੇ।
ਜੇ ਤੁਸੀਂ ਸਾਡੇ ਤੋਂ ਇੰਟਰਨੈੱਟ ਸੰਪਰਕ-ਸੁਵਿਧਾ ਪ੍ਰਾਪਤ ਕਰਦੇ ਹੋ ਤਾਂ ਸਾਡੀ ਤੁਹਾਡੇ ਡੇਟਾ ਦੀ ਵਰਤੋਂ ਦੇ ਵੇਰਵਿਆਂ ਤੱਕ ਵੀ ਪਹੁੰਚ ਹੋ ਸਕਦੀ ਹੈ (ਪਰ ਅਸੀਂ ਇਹ ਨਹੀਂ ਦੇਖ ਸਕਦੇ ਕਿ ਤੁਸੀਂ ਇੰਟਰਨੈੱਟ ਲਈ ਕੀ ਵਰਤੋਂ ਕਰਦੇ ਹੋ ਅਤੇ/ਜਾਂ ਤੁਸੀਂ ਕਿਹੜੀਆਂ ਵੈਬਸਾਈਟਾਂ 'ਤੇ ਜਾਂਦੇ ਹੋ।

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਤਰ ਕਰਦੇ ਹਾਂ?

ਤੁਸੀਂ ਸਾਡੇ ਫਾਰਮ ਭਰ ਕੇ ਜਾ ਸਾਡੇ ਨਾਲ ਪੱਤਰ-ਵਿਹਾਰ ਕਰਕੇ ਸਾਨੂੰ ਆਪਣਾ ਨਿੱਜੀ ਡੇਟਾ ਸਿੱਧੇ ਤੌਰ 'ਤੇ ਦੇ ਸਕਦੇ ਹੋ। ਅਸੀਂ ਅਸਿੱਧੇ ਤੌਰ 'ਤੇ ਨਿੱਜੀ ਡੇਟਾ ਵੀ ਪ੍ਰਾਪਤ ਕਰਾਂਗੇ (ੳ) ਐੱਸ.ਸੀ.ਵੀ.ਓ. ਅਤੇ ਉਸ ਸੰਗਠਨ ਤੋਂ ਜੋ ਤੁਹਾਨੂੰ ਡਿਵਾਇਸ ਅਤੇ ਸਹਾਇਤਾ ਮੁਹੱਈਆ ਕਰਨਗੇ, ਅਤੇ (ਅ) ਤੁਹਾਡੇ ਮੋਬਾਇਲ ਡੇਟਾ ਦੀ ਵਰਤੋਂ ਤੋਂ ਜੇ ਅਸੀਂ ਤੁਹਾਨੂੰ ਇੰਟਰਨੈੱਟ ਸੰਪਰਕ-ਸੁਵਿਧਾ ਮੁਹੱਈਆ ਕਰਦੇ ਹਾਂ।

## ਅਸੀਂ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ?

ਅਸੀਂ ਇਸ ਡੇਟਾ ਦੀ ਵਰਤੋਂ ਇਨ੍ਹਾਂ ਗੱਲਾਂ ਲਈ ਕਰਾਂਗੇ:

- ਤੁਹਾਡੇ ਡਿਵਾਇਸ ਅਤੇ ਇੰਟਰਨੈੱਟ ਕਨੈਕਸ਼ਨ ਦੀ ਵਰਤੋਂ ਲਈ ਤੁਹਾਨੂੰ ਸਹਾਇਤਾ ਦੇਣ ਲਈ
- ਪ੍ਰੋਜੈਕਟ, ਤੁਹਾਡੇ ਡਿਵਾਇਸ ਜਾਂ ਤੁਹਾਡੇ ਇੰਟਰਨੈੱਟ ਕਨੈਕਸ਼ਨ ਲਈ ਮਹੱਤਵਪੂਰਨ ਜਾਣਕਾਰੀ ਸਬੰਧੀ ਤੁਹਾਡੇ ਨਾਲ ਸੰਪਰਕ ਕਰਨ ਲਈ
- ਜਨਤਕ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਜੋ ਤੁਹਾਨੂੰ ਸਹਾਇਤਾ ਮੁਹੱਈਆ ਕਰ ਸਕਦੀਆਂ ਹਨ
- ਪ੍ਰੋਗਰਾਮ ਦੀ ਸਫਲਤਾ ਦਾ ਮੁਲਾਂਕਣ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਲਈ
- ਮੋਬਾਇਲ ਸੰਪਰਕ-ਸੁਵਿਧਾ ਦੇ ਕੰਟਰੈਕਟਾਂ ਦਾ ਪ੍ਰਬੰਧ ਕਰਨ ਲਈ
- ਉਨ੍ਹਾਂ ਵਿਅਕਤੀਆਂ ਦੀ ਗਿਣਤੀ ਬਾਰੇ, ਜਿਨ੍ਹਾਂ ਨੇ ਸਹਾਇਤਾ ਪ੍ਰਾਪਤ ਕੀਤੀ ਹੈ, ਗੁਪਤ ਅੰਕੜਿਆਂ ਦੀਆਂ ਰਿਪੋਰਟਾਂ ਪੇਸ਼ ਕਰਨ ਲਈ
- ਆਡੀਟਰਾਂ ਨੂੰ ਇਸ ਬਾਰੇ ਸਬੂਤ ਮੁਹੱਈਆ ਕਰਨ ਲਈ ਕਿ ਜਨਤਕ ਫੰਡਾਂ ਨੂੰ ਕਿਵੇਂ ਖ਼ਰਚਿਆ ਗਿਆ ਹੈ

ਸਕਾਟਲੈਂਡ ਸਰਕਾਰ ਉੱਪਰ ਦਿੱਤੇ ਉਦੇਸ਼ਾਂ ਲਈ ਤੁਹਾਡੇ ਨਿੱਜੀ ਡੇਟਾ ਦੀ ਪ੍ਰੋਸੈਸਿੰਗ ਲਈ ਅੱਗੇ ਦਿੱਤੀ ਕਾਨੂੰਨੀ ਆਧਾਰ ਉੱਤੇ ਨਿਰਭਰ ਹੁੰਦੀ ਹੈ: ਕੰਟਰੋਲਰ (ਜੀ.ਡੀ.ਪੀ.ਆਰ. ਦਾ ਆਰਟੀਕਲ 6 (1) (ਈ)) ਵਿੱਚ ਨਿਹਿਤ ਜਨਤਕ ਹਿੱਤ ਵਿੱਚ ਕੀਤੇ ਗਏ ਕਾਰਜ ਦੀ ਕਾਰਗੁਜ਼ਾਰੀ ਲਈ ਜਾਂ ਅਧਿਕਾਰਕ ਅਥਾਰਟੀ ਦੀ ਵਰਤੋਂ ਲਈ ਪ੍ਰੋਸੈਸਿੰਗ ਜ਼ਰੂਰੀ ਹੈ।

ਸਕਾੱਟਲੈਂਡ ਸਰਕਾਰ ਉਪਰੋਕਤ ਉਦੇਸ਼ਾਂ ਲਈ ਵਿਸ਼ੇਸ਼ ਸ਼੍ਰੇਣੀ (ਸਿਹਤ) ਡੇਟਾ ਦੀ ਪ੍ਰੋਸੈਸਿੰਗ ਲਈ ਅੱਗੇ ਦਿੱਤੀ ਵਧੀਕ ਸ਼੍ਰੇਣੀ ਉੱਤੇ ਨਿਰਭਰ ਹੁੰਦੀ ਹੈ। ਪ੍ਰੋਸੈਸਿੰਗ ਨਿੱਜੀ ਡੇਟਾ ਨਾਲ ਸਬੰਧਤ ਹੁੰਦੀ ਹੈ ਜਿਸ ਨੂੰ ਡੇਟਾ ਸਬਜੈਕਟ ਵੱਲੋਂ ਜ਼ਾਹਰਾ ਤੌਰ 'ਤੇ ਜਨਤਕ ਕੀਤਾ ਜਾਂਦਾ ਹੈ (ਜੀ.ਡੀ.ਪੀ.ਆਰ. ਆਰਟੀਕਲ 9(2) (ਈ))।

## ਕੀ ਅਸੀਂ ਤੁਹਾਡਾ ਡੇਟਾ ਸਾਂਝਾ ਕਰਦੇ ਹਾਂ?

ਅਸੀਂ ਖਾਸ ਹਾਲਾਤ ਵਿੱਚ ਹੋਰਨਾਂ ਨਾਲ ਤੁਹਾਡਾ ਨਿੱਜੀ ਡੇਟਾ ਸਾਂਝਾ ਕਰਦੇ ਹਾਂ:

- ਐੱਸ.ਸੀ.ਵੀ.ਓ. ਦੀ ਅਜਿਹੀ ਧਿਰ ਵੱਜੋਂ ਤੁਹਾਡੇ ਨਿੱਜੀ ਡੇਟਾ ਤੱਕ ਪਹੁੰਚ ਹੁੰਦੀ ਹੈ ਜੋ ਸਾਡੀ ਤਰਫੋਂ ਪ੍ਰੋਗਰਾਮ ਅਤੇ ਡੇਟਾ ਦਾ ਪ੍ਰਬੰਧ ਕਰਦੀ ਹੈ। ਐੱਸ.ਸੀ.ਵੀ.ਓ. ਪ੍ਰੋਗਰਾਮ ਦੇ ਜ਼ਰੀਏ ਤੁਹਾਡਾ ਡਿਵਾਇਸ ਅਤੇ ਇੰਟਰਨੈੱਟ ਕਨੈਕਸ਼ਨ ਵਰਤਣ ਲਈ ਤੁਹਾਨੂੰ ਸਿੱਧੀ ਸਹਾਇਤਾ ਵੀ ਮੁਹੱਈਆ ਕਰ ਸਕਦੀ ਹੈ।
- ਤੁਹਾਡਾ ਨਿੱਜੀ ਡੇਟਾ ਇਕੱਤਰ ਕਰਨ ਵਾਲਾ ਸੰਗਠਨ ਅਤੇ ਉਹ ਸੰਗਠਨ ਜੋ ਤੁਹਾਨੂੰ ਡਿਵਾਇਸ ਅਤੇ ਸਹਾਇਤਾ ਮੁਹੱਈਆ ਕਰਦਾ ਹੈ, ਉਨ੍ਹਾਂ ਦੀ ਤੁਹਾਡੇ ਨਿੱਜੀ ਡੇਟਾ ਤੱਕ ਪਹੁੰਚ ਹੁੰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਉਹ ਤੁਹਾਨੂੰ ਜ਼ਰੂਰੀ ਸਹਾਇਤਾ ਮੁਹੱਈਆ ਕਰ ਸਕਦੇ ਹਨ।
- ਅਸੀਂ ਖਾਸ ਸੇਵਾਵਾਂ ਪ੍ਰਦਾਨ ਕਰਨ ਲਈ ਤੀਜੀ ਧਿਰ ਦੇ ਸੇਵਾ ਪ੍ਰਦਾਤਾਵਾਂ ਅਤੇ ਸਪਲਾਇਰਾਂ ਨਾਲ ਅਨੁਬੰਧ ਕਰਦੇ ਹਾਂ (ਮਿਸਾਲ ਲਈ ਆਪਣੇ ਸੀ.ਆਰ.ਐੱਮ. ਸਿਸਟਮ ਦਾ ਪ੍ਰਬੰਧ ਕਰਨ ਅਤੇ ਹੋਸਟਿੰਗ ਸੇਵਾਵਾਂ ਮੁਹੱਈਆ ਕਰਨ ਲਈ)। ਸਾਡੇ ਤੀਜੀ ਧਿਰ ਦੇ ਸੇਵਾ ਪ੍ਰਦਾਤਾਵਾਂ ਨੂੰ ਸਾਡੀਆਂ ਨੀਤੀਆਂ ਮੁਤਾਬਕ ਤੁਹਾਡੇ ਨਿੱਜੀ ਡੇਟਾ ਦੀ ਸੁਰੱਖਿਆ ਕਰਨ ਲਈ ਢੁਕਵੇਂ ਸੁਰੱਖਿਆ ਉਪਾਅ ਲੈਣ ਦੀ ਲੋੜ ਹੁੰਦੀ ਹੈ।
- ਤੁਹਾਡੀ ਲੋਕਲ ਕੌਂਸਲ ਦੀ ਆਮ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਨਹੀਂ ਹੋਵੇਗੀ ਜੋ ਤੁਸੀਂ ਪ੍ਰੋਗਰਾਮ ਲਈ ਮੁਹੱਈਆ ਕਰਦੇ ਹੋ ਜਦੋਂ ਤੱਕ ਅਜਿਹੀ ਸਾਂਝ ਤੁਹਾਨੂੰ ਹੋਰਨਾਂ ਸੇਵਾਵਾਂ ਤੱਕ ਪਹੁੰਚ ਅਤੇ/ਜਾਂ ਸਹਾਇਤਾ ਮੁਹੱਈਆ ਕਰਨ ਲਈ ਸਹਾਈ ਨਹੀਂ ਹੁੰਦੀ। ਜੇ ਇਸ ਨੂੰ ਸਾਂਝਾ ਕੀਤਾ ਜਾਂਦਾ ਹੈ ਤਾਂ ਫੇਰ ਤੁਹਾਡੀ ਲੋਕਲ ਕੌਂਸਲ ਤੁਹਾਨੂੰ ਇਹ ਸਪਸ਼ਟ ਕਰਦਿਆਂ ਇੱਕ ਵੱਖਰਾ ਨਿੱਜਤਾ ਨੋਟਿਸ ਮੁਹੱਈਆ ਕਰੇਗੀ ਕਿ ਉਹ ਸਾਡੇ ਤੋਂ ਪ੍ਰਾਪਤ ਕੀਤੇ ਨਿੱਜੀ ਡੇਟਾ ਨੂੰ ਕਿਵੇਂ ਵਰਤਣਗੇ।
- ਅਸੀਂ ਤੁਹਾਡਾ ਨਿੱਜੀ ਡੇਟਾ ਤੀਜੀਆਂ ਧਿਰਾਂ ਨੂੰ ਵੀ ਮੁਹੱਈਆ ਕਰਾਂਗੇ ਜਿੱਥੇ ਅਜਿਹਾ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਹੁੰਦੀ ਹੈ।
- ਅਸੀਂ ਤੁਹਾਡੇ ਬਾਰੇ ਕਿਸੇ ਦੂਜੇ ਵਿਅਕਤੀ ਨੂੰ ਜਾਣਕਾਰੀ ਮੁਹੱਈਆ ਕਰਾਂਗੇ ਜਿਸ ਨੂੰ ਤੁਹਾਡੇ ਵੱਲੋਂ ਅਧਿਕਾਰ ਪ੍ਰਾਪਤ ਹੁੰਦਾ ਹੈ

ਅਸੀਂ ਤੁਹਾਡੇ ਤੋਂ ਜੋ ਨਿੱਜੀ ਡੇਟਾ ਇਕੱਤਰ ਕਰਦੇ ਹਾਂ ਉਸ ਨੂੰ ਆਮ ਤੌਰ 'ਤੇ ਯੂ.ਕੇ. ਦੇ ਅੰਦਰ ਜਾਂ ਯੂਰਪੀਅਨ ਇਕਨਾਮਿਕ ਏਰੀਆ (ਈ.ਈ.ਏ.) ਅੰਦਰ ਸਟੋਰ ਕੀਤਾ ਜਾਵੇਗਾ। ਅਸੀਂ ਯੂ.ਕੇ. ਜਾਂ ਈ.ਈ.ਏ. ਤੋਂ ਬਾਹਰ ਡੇਟਾ ਤਬਦੀਲ ਕਰ ਸਕਦੇ ਹਾਂ ਜਿੱਥੇ ਸਾਡੇ ਸੇਵਾ ਪ੍ਰਦਾਤਾ ਯੂ.ਕੇ. ਜਾਂ ਈ.ਈ.ਏ. ਤੋਂ ਬਾਹਰ ਡੇਟਾ ਨੂੰ ਹੋਸਟ, ਪ੍ਰੋਸੈਸ ਜਾਂ ਸਟੋਰ ਕਰਦੇ ਹਨ। ਜਿੱਥੇ ਅਸੀਂ ਅਜਿਹਾ ਕਰਦੇ ਹਾਂ, ਅਸੀਂ ਉੱਥੇ ਇਹ ਯਕੀਨੀ ਬਣਾਵਾਂਗੇ ਕਿ ਤਬਾਦਲਾ ਢੁਕਵੇਂਪਣ ਦੇ ਫੈਸਲੇ ਦੁਆਰਾ ਸ਼ਾਮਲ ਇੱਕ ਦੇਸ਼ ਵਿੱਚ ਜਾਂ ਅਜਿਹੇ ਹਾਲਾਤ ਵਿੱਚ ਕੀਤਾ ਜਾਵੇ ਜਿੱਥੇ ਅਸੀਂ ਲਾਗੂ ਹੋਣ ਵਾਲੇ ਡੇਟਾ ਸੁਰੱਖਿਆ ਕਾਨੂੰਨਾਂ (ਮਿਸਾਲ ਲਈ ਮਿਆਰੀ ਅਨੁਬੰਧਕ ਮਦਾਂ) ਅਨੁਸਾਰ ਤੁਹਾਡੇ ਨਿੱਜੀ ਡੇਟਾ ਦੀ ਸੁਰੱਖਿਆ ਲਈ ਢੁਕਵੇਂ ਸੁਰੱਖਿਆ-ਉਪਾਅ ਤੈਅ ਕੀਤੇ ਹਨ।

## ਅਸੀਂ ਕਿੰਨੇ ਚਿਰ ਲਈ ਤੁਹਾਡਾ ਡੇਟਾ ਰੱਖਦੇ ਹਾਂ?

ਆਮ ਤੌਰ 'ਤੇ ਅਸੀਂ ਇਸ ਨਿੱਜਤਾ ਨੋਟਿਸ ਵਿੱਚ ਦੱਸੀ ਵਰਤੋਂ ਲਈ ਜ਼ਰੂਰੀ ਹੋਣ ਤੋਂ ਬਗੈਰ ਇਸ ਤੋ ਜ਼ਿਆਦਾ ਸਮੇਂ ਲਈ ਤੁਹਾਡਾ ਨਿੱਜੀ ਡੇਟਾ ਕੋਲ ਨਹੀਂ ਰੱਖਾਂਗੇ, ਜਦੋਂ ਤੱਕ ਸਾਨੂੰ ਕਾਨੂੰਨ ਜਾਂ ਕਿਸੇ ਵਿਨਿਯਮ ਸਬੰਧੀ ਜ਼ਰੂਰਤਾਂ ਦੀ ਪਾਲਣਾ ਕਰਨ ਲਈ ਤੁਹਾਡੇ ਨਿੱਜੀ ਡੇਟਾ ਨੂੰ ਜ਼ਿਆਦਾ ਸਮੇਂ ਤੱਕ ਰੱਖਣ ਦੀ ਲੋੜ ਨਹੀਂ ਹੁੰਦੀ।

ਨਿੱਜੀ ਡੇਟਾ ਲਈ ਢੁਕਵੇਂ ਢੰਗ ਨਾਲ ਸੰਭਾਲ ਕੇ ਰੱਖਣ ਦੀ ਮਿਆਦ ਦਾ ਨਿਰਧਾਰਨ ਕਰਨ ਲਈ, ਅਸੀਂ ਡੇਟਾ ਦੀ ਮਾਤਰਾ, ਕਿਸਮ, ਅਤੇ ਸੰਵੇਦਨਸ਼ੀਲਤਾ, ਤੁਹਾਡੇ ਨਿੱਜੀ ਡੇਟਾ ਦੀ ਅਣਅਧਿਕਾਰਿਤ ਵਰਤੋਂ ਜਾਂ ਪ੍ਰਗਟਾਵੇ ਤੋਂ ਨੁਕਸਾਨ ਦੇ ਸੰਭਾਵੀ ਜੋਖਮ, ਤੁਹਾਡੇ ਨਿੱਜੀ ਡੇਟਾ ਦੀ ਸਾਡੇ ਵੱਲੋਂ ਪ੍ਰਕਿਰਿਆ ਲਈ ਉਦੇਸ਼ਾਂ, ਇਹ ਵਿਚਾਰ ਕਰਨ ਲਈ ਕਿ ਕੀ ਅਸੀਂ ਹੋਰਨਾਂ ਸਾਧਨਾਂ ਰਾਹੀਂ ਉਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਕਰ ਸਕਦੇ ਹਾਂ, ਅਤੇ ਲਾਗੂ ਕਾਨੂੰਨੀ ਜ਼ਰੂਰਤਾਂ ਬਾਰੇ ਵਿਚਾਰ ਕਰਦੇ ਹਾਂ।

ਕੁਝ ਮਾਮਲਿਆਂ ਵਿੱਚ ਅਸੀਂ ਤੁਹਾਡੇ ਨਿੱਜੀ ਡੇਟਾ ਨੂੰ ਗੁਪਤ ਬਣਾ ਸਕਦੇ ਹਾਂ ਤਾਂ ਜੋ ਤੁਹਾਡੇ ਨਾਲ ਇਸ ਦਾ ਅੱਗੇ ਤੋਂ ਕੋਈ ਸਬੰਧ ਨਾ ਰਹਿ ਸਕੇ, ਅਜਿਹੀ ਸੂਰਤ ਵਿੱਚ ਅਸੀਂ ਤੁਹਾਨੂੰ ਅਗਲੇਰੇ ਨੋਟਿਸ ਤੋਂ ਬਗੈਰ ਅਜਿਹੀ ਜਾਣਕਾਰੀ ਵਰਤ ਸਕਦੇ ਹਾਂ।
ਅਸੀਂ ਤੁਹਾਨੂੰ ਮੁਹੱਈਆ ਸੇਵਾ ਬੰਦ ਕਰਨ ਤੋਂ ਤਿੰਨ ਸਾਲ ਬਾਅਦ ਦੁਹਾਡੇ ਨਿੱਜੀ ਡੇਟਾ ਨੂੰ ਮਿਟਾ ਦੇਵਾਂਗੇ।

## ਤੁਹਾਡੇ ਵੇਰਵਿਆਂ ਨੂੰ ਅੱਪਡੇਟ ਰੱਖਣਾ

ਤੁਹਾਡੇ ਨਿੱਜੀ ਵੇਰਵਿਆਂ, ਜਿਸ ਵਿੱਚ ਤੁਹਾਡੇ ਸੰਪਰਕ ਵੇਰਵੇ ਵੀ ਸ਼ਾਮਲ ਹਨ, ਵਿੱਚ ਕਿਸੇ ਵੀ ਤਬਦੀਲੀਆਂ ਤੋਂ ਬਾਅਦ ਕਿਰਪਾ ਕਰਕੇ ਛੇਤੀ ਤੋਂ ਛੇਤੀ ਸਾਡੇ ਨਾਲ ਉਪਰੋਕਤ ਸੰਪਰਕ ਵੇਰਵਿਆਂ 'ਤੇ ਸੰਪਰਕ ਕਰੋ।

## ਤੁਹਾਡੀ ਜਾਣਕਾਰੀ ਬਾਰੇ ਤੁਹਾਡੇ ਅਧਿਕਾਰ

ਡੇਟਾ ਸੁਰੱਖਿਆ ਕਾਨੂੰਨਾਂ ਤਹਿਤ ਤੁਹਾਡੇ ਕੋਲ ਅੱਗੇ ਦਿੱਤੇ ਅਧਿਕਾਰ ਹਨ:

- **ਪਹੁੰਚ**: ਆਪਣੇ ਨਿੱਜੀ ਡੇਟਾ ਤੱਕ ਪਹੁੰਚ ਕਰਨ ਦੀ ਬੇਨਤੀ ਦਾ (ਆਮ ਤੌਰ 'ਤੇ ਇਸ ਨੂੰ 'ਡੇਟਾ ਸਹਿਭਾਗੀ ਦੀ ਪਹੁੰਚ ਲਈ ਬੇਨਤੀ' ਕਿਹਾ ਜਾਂਦਾ ਹੈ)। ਇਹ ਸਾਡੇ ਵੱਲੋਂ ਤੁਹਾਡੇ ਬਾਰੇ ਰੱਖੇ ਨਿੱਜੀ ਡੇਟਾ ਦੀ ਨਕਲ ਲੈਣ ਅਤੇ ਇਹ ਪਤਾ ਕਰਨ ਦੇ ਸਮਰੱਥ ਬਣਾਉਂਦਾ ਹੈ ਕਿ ਅਸੀਂ ਇਸਨੂੰ ਕਾਨੂੰਨੀ ਢੰਗ ਨਾਲ ਪ੍ਰਕਿਰਿਆ-ਬੱਧ ਕਰ ਰਹੇ ਹਾਂ।

- **ਸੋਧ:** ਸਾਡੇ ਵੱਲੋਂ ਤੁਹਾਡੇ ਬਾਰੇ ਰੱਖੇ ਨਿੱਜੀ ਡੇਟਾ ਵਿੱਚ ਸੋਧ ਕਰਨ ਲਈ ਬੇਨਤੀ ਕਰਨ ਦਾ। ਇਹ ਤੁਹਾਨੂੰ ਸਾਡੇ ਵੱਲੋਂ ਤੁਹਾਡੇ ਬਾਰੇ ਰੱਖੇ ਅਧੂਰੇ ਜਾਂ ਗ਼ਲਤ ਡੇਟਾ ਨੂੰ ਸਹੀ ਕਰਵਾਉਣ ਦੇ ਸਮਰੱਥ ਬਣਾਉਂਦਾ ਹੈ, ਹਾਲਾਂਕਿ ਸਾਨੂੰ ਤੁਹਾਡੇ ਵੱਲੋਂ ਸਾਨੂੰ ਮੁਹੱਈਆ ਕੀਤੇ ਨਵੇਂ ਡੇਟਾ ਦੀ ਦਰੁਸਤਤਾ ਦੀ ਪੁਸ਼ਟੀ ਕਰਨ ਦੀ ਲੋੜ ਪੈ ਸਕਦੀ ਹੈ।
- **ਮਿਟਾਉਣਾ (ਕੱਢਣਾ):** ਆਪਣੇ ਨਿੱਜੀ ਡੇਟਾ ਨੂੰ ਕੱਢੇ ਜਾਣ ਦਾ। ਇਹ ਤੁਹਾਨੂੰ ਸਾਨੂੰ ਨਿੱਜੀ ਡੇਟਾ ਨੂੰ ਮਿਟਾਉਣ ਜਾਂ ਕੱਢਣ ਲਈ ਕਹਿੰਦਾ ਹੈ ਜਿੱਥੇ ਸਾਡੇ ਵੱਲੋਂ ਇਸ ਦੀ ਪ੍ਰਕਿਰਿਆ ਜਾਰੀ ਰੱਖਣ ਲਈ ਉਚਿਤ ਕਾਰਨ ਨਹੀਂ ਹੁੰਦਾ। ਤੁਹਾਡੇ ਕੋਲ ਉੱਥੇ ਵੀ ਆਪਣੇ ਨਿੱਜੀ ਡੇਟਾ ਨੂੰ ਮਿਟਾਉਣ ਜਾਂ ਕੱਢਣ ਲਈ ਸਾਨੂੰ ਕਹਿਣ ਦਾ ਅਧਿਕਾਰ ਹੁੰਦਾ ਹੈ ਜਿੱਥੇ ਤੁਸੀਂ ਪ੍ਰੋਸੈਸਿੰਗ ਲਈ ਇਤਰਾਜ ਦੇ ਆਪਣੇ ਅਧਿਕਾਰ ਦੀ ਸਫ਼ਲਤਾਪੂਰਵਕ ਵਰਤੋਂ ਕੀਤੀ ਹੈ (ਹੇਠਾਂ ਦੇਖੋ), ਜਿੱਥੇ ਅਸੀਂ ਗ਼ੈਰਕਾਨੂੰਨੀ ਢੰਗ ਨਾਲ ਤੁਹਾਡੀ ਜਾਣਕਾਰੀ ਨੂੰ ਪ੍ਰਕਿਰਿਆਬੱਧ ਕਰ ਸਕਦੇ ਹਾਂ ਜਾਂ ਜਿੱਥੇ ਸਾਨੂੰ ਸਥਾਨਕ ਕਾਨੂੰਨ ਦੀ ਪਾਲਣਾ ਕਰਨ ਲਈ ਤੁਹਾਡੇ ਨਿੱਜੀ ਡੇਟਾ ਨੂੰ ਮਿਟਾਉਣ ਦੀ ਲੋੜ ਹੁੰਦੀ ਹੈ।
- **ਇਤਰਾਜ:** ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਲਈ ਇਤਰਾਜ ਦਾ ਜਿੱਥੇ ਅਸੀਂ ਵੈਧ ਹਿੱਤ (ਜਾਂ ਤੀਜੀ ਧਿਰ ਦੇ) 'ਤੇ ਭਰੋਸਾ ਕਰ ਰਹੇ ਹੁੰਦੇ ਹਾਂ ਅਤੇ ਤੁਹਾਡੀ ਖਾਸ ਸਥਿਤੀ ਬਾਰੇ ਕੋਈ ਗੱਲ ਹੁੰਦੀ ਹੈ ਜਿਸ ਨਾਲ ਤੁਸੀਂ ਇਸ ਆਧਾਰ 'ਤੇ ਪ੍ਰਕਿਰਿਆ ਕੀਤੇ ਜਾਣ ਬਾਰੇ ਇਤਰਾਜ ਕਰਦੇ ਹੋ ਕਿਉਂਕਿ ਤੁਹਾਨੂੰ ਲੱਗਦਾ ਹੈ ਕਿ ਇਹ ਤੁਹਾਡੇ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀ ਉੱਤੇ ਅਸਰ ਪਾਉਂਦੀ ਹੈ। ਕੁਝ ਮਾਮਲਿਆਂ ਵਿੱਚ, ਅਸੀਂ ਇਹ ਦਿਖਾ ਸਕਦੇ ਹਾਂ ਕਿ ਤੁਹਾਡੀ ਜਾਣਕਾਰੀ ਦੀ ਪ੍ਰਕਿਰਿਆ ਲਈ ਸਾਡੇ ਕੋਲ ਯਕੀਨੀ ਵੈਧ ਆਧਾਰ ਹੁੰਦੇ ਹਨ ਜੋ ਤੁਹਾਡੇ ਅਧਿਕਾਰਾਂ ਅਤੇ ਅਜ਼ਾਦੀਆਂ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ।
- **ਪਾਬੰਦੀ:** ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਦੀ ਪਾਬੰਦੀ ਲਈ ਬੇਨਤੀ ਦਾ। ਇਹ ਤੁਹਾਨੂੰ ਸਾਨੂੰ ਇਹ ਕਹਿਣ ਦੇ ਸਮਰੱਥ ਬਣਾਉਂਦਾ ਹੈ ਕਿ ਅਸੀਂ ਅੱਗੇ ਦਿੱਤੇ ਪਰਿਦ੍ਰਿਸ਼ਾਂ ਵਿੱਚ ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਨੂੰ ਮੁਲਤਵੀ ਕਰੀਏ: (ੳ) ਜੇ ਤੁਸੀਂ ਸਾਡੇ ਤੋਂ ਡੇਟਾ ਦੀ ਦਰੁਸਤਤਾ ਤੈਅ ਕਰਵਾਉਣੀ ਚਾਹੁੰਦੇ ਹੋ; (ਅ) ਜਿੱਥੇ ਡੇਟਾ ਦੀ ਸਾਡੀ ਵਰਤੋਂ ਗ਼ੈਰਕਾਨੂੰਨੀ ਹੈ ਪਰ ਤੁਸੀਂ ਸਾਡੇ ਤੋਂ ਇਸਨੂੰ ਮਿਟਾਉਣਾ ਨਹੀਂ ਚਾਹੁੰਦੇ; (ੲ) ਜਿੱਥੇ ਤੁਹਾਨੂੰ ਸਾਡੇ ਤੋਂ ਡੇਟਾ ਨੂੰ ਸੰਭਾਲੀ ਰੱਖਣ ਦੀ ਲੋੜ ਹੁੰਦੀ ਹੈ ਭਾਵੇਂ ਸਾਨੂੰ ਇਸ ਦੀ ਅੱਗੇ ਲੋੜ ਨਹੀਂ ਪੈਂਦੀ ਕਿਉਂਕਿ ਤੁਹਾਨੂੰ ਆਪਣੇ ਕਾਨੂੰਨੀ ਦਾਅਵਿਆਂ ਨੂੰ ਤੈਅ ਕਰਨ, ਵਰਤਣ ਜਾਂ ਬਚਾਉ ਕਰਨ ਲਈ ਇਸ ਦੀ ਲੋੜ ਹੁੰਦੀ ਹੈ; ਜਾਂ (ਸ) ਤੁਸੀਂ ਤੁਹਾਡੇ ਡੇਟਾ ਦੀ ਸਾਡੀ ਵਰਤੋਂ 'ਤੇ ਇਤਰਾਜ ਕੀਤਾ ਹੈ ਪਰ ਸਾਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਸਾਡੇ ਕੋਲ ਇਸ ਦੀ ਵਰਤੋਂ ਲਈ ਜ਼ਿਆਦਾ ਮਹੱਤਵਪੂਰਨ ਵੈਧ ਆਧਾਰ ਹੁੰਦੇ ਹਨ।
- **ਤਬਦੀਲੀ-ਯੋਗਤਾ:** ਤੁਹਾਡੇ ਨਿੱਜੀ ਡੇਟਾ ਦੀ ਤੁਹਾਡੇ ਜਾਂ ਤੀਜੀ ਧਿਰ ਵੱਲ ਤਬਦੀਲੀ ਕਰਨ ਦੀ ਬੇਨਤੀ ਦਾ। ਅਸੀਂ ਤੁਹਾਨੂੰ, ਤੁਹਾਡੇ ਵੱਲੋਂ ਚੁਣੀ ਗਈ ਤੀਜੀ ਧਿਰ ਨੂੰ, ਤੁਹਾਡਾ ਨਿੱਜੀ ਡੇਟਾ ਇੱਕ ਸਰੰਚਿਤ, ਆਮ ਵਰਤੋਂ ਵਾਲੇ, ਅਤੇ ਮਸ਼ੀਨ ਦੀ ਪੜ੍ਹਨਯੋਗਤਾ ਵਾਲੇ ਫਾਰਮੇਟ ਵਿੱਚ ਮੁਹੱਈਆ ਕਰਾਂਗੇ। ਧਿਆਨ ਦਿਓ ਕਿ ਇਹ ਅਧਿਕਾਰ ਉਸ ਖੁਦ-ਬ-ਖੁਦ ਜਾਣਕਾਰੀ ਉੱਤੇ ਹੀ ਲਾਗੂ ਹੁੰਦਾ ਹੈ ਜਿਸ ਲਈ ਤੁਸੀਂ ਸਾਡੇ ਵੱਲੋਂ ਵਰਤੇ ਜਾਣ ਲਈ ਸ਼ੁਰੂ ਵਿੱਚ ਸਹਿਮਤੀ ਦਿੱਤੀ ਸੀ ਜਾਂ ਜਿੱਥੇ ਅਸੀਂ ਤੁਹਾਡੇ ਨਾਲ ਕੰਟਰੈਕਟ ਕਰਨ ਲਈ ਜਾਣਕਾਰੀ ਵਰਤੀ ਸੀ।
- ਕਿਸੇ ਵੀ ਸਮੇਂ **ਸਹਿਮਤੀ ਵਾਪਸ ਲੈਣ** ਦਾ ਜਿੱਥੇ ਅਸੀਂ ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਲਈ ਸਹਿਮਤੀ ਉੱਤੇ ਭਰੋਸਾ ਕਰ ਰਹੇ ਹੁੰਦੇ ਹਾਂ।

ਤੁਸੀਂ ਉੱਪਰ ਦਿੱਤੇ ਸੰਪਰਕ ਵੇਰਵਿਆਂ 'ਤੇ ਸਾਡੇ ਨਾਲ ਸੰਪਰਕ ਕਰੇ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹੋ।
ਤੁਹਾਨੂੰ ਆਪਣੇ ਨਿੱਜੀ ਡੇਟਾ ਤੱਕ ਪਹੁੰਚ ਕਰਨ ਲਈ (ਜਾਂ ਕਿਸੇ ਹੋਰਨਾਂ ਅਧਿਕਾਰਾਂ ਦੀ ਵਰਤੋਂ ਕਰਨ ਲਈ) ਫ਼ੀਸ ਦਾ ਭੁਗਤਾਨ ਨਹੀਂ ਕਰਨਾ ਪਏਗਾ। ਪਰ, ਜੇਕਰ ਤੁਹਾਡੀ ਬੇਨਤੀ ਸਾਫ਼ ਤੌਰ 'ਤੇ ਬੇਬੁਨਿਆਦ, ਦੁਹਰਾਓ ਵਾਲੀ ਜਾਂ ਲੋੜੋਂ ਵੱਧ ਹੈ ਤਾਂ ਅਸੀਂ ਮੁਨਾਸਬ ਫ਼ੀਸ ਵਸੂਲ ਸਕਦੇ ਹਾਂ। ਬਦਲ ਦੇ ਤੌਰ 'ਤੇ, ਅਸੀਂ ਇਨ੍ਹਾਂ ਹਾਲਾਤ ਵਿੱਚ ਤੁਹਾਡੀ ਬੇਨਤੀ ਦੀ ਪਾਲਣਾ ਤੋਂ ਇਨਕਾਰ ਕਰ ਸਕਦੇ ਹਾਂ।

ਸਾਨੂੰ ਤੁਹਾਡੀ ਪਹਿਚਾਣ ਦੀ ਪੁਸ਼ਟੀ ਕਰਨ ਵਿੱਚ ਆਪਣੀ ਮਦਦ ਕਰਨ ਲਈ ਅਤੇ ਤੁਹਾਡੇ ਨਿੱਜੀ ਡੇਟਾ ਤੱਕ ਪਹੁੰਚ ਲਈ ਤੁਹਾਡੇ ਅਧਿਕਾਰ ਨੂੰ (ਜਾਂ ਤੁਹਾਡੇ ਹੋਰਨਾਂ ਕਿਸੇ ਅਧਿਕਾਰਾਂ ਦੀ ਵਰਤੋਂ ਨੂੰ) ਯਕੀਨੀ ਬਣਾਉਣ ਲਈ ਤੁਹਾਡੇ ਤੋਂ ਖਾਸ ਜਾਣਕਾਰੀ ਲਈ ਬੇਨਤੀ ਕਰਨ ਦੀ ਲੋੜ ਪੈ ਸਕਦੀ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਇੱਕ ਸੁਰੱਖਿਆ ਉਪਾਅ ਹੈ ਕਿ ਤੁਹਾਡੇ ਨਿੱਜੀ ਡੇਟਾ ਦਾ ਪ੍ਰਗਟਾਵਾ ਕਿਸੇ ਹੋਰ ਵਿਅਕਤੀ ਕੋਲ ਨਾ ਕੀਤਾ ਜਾਵੇ ਜਿਸ ਕੋਲ ਇਸ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਹੈ। ਅਸੀਂ ਆਪਣੇ ਉੱਤਰ ਵਿੱਚ ਤੇਜ਼ੀ ਲਿਆਉਣ ਲਈ ਤੁਹਾਡੀ ਬੇਨਤੀ ਦੇ ਸਬੰਧ ਵਿੱਚ ਤੁਹਾਨੂੰ ਅਗਲੇਰੀ ਜਾਣਕਾਰੀ ਲਈ ਕਹਿਣ ਵਾਸਤੇ ਵੀ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।
ਤੁਹਾਡੇ ਅਧਿਕਾਰਾਂ ਬਾਰੇ ਅਗਲੇਰੇ ਵੇਰਵੇ ਇੱਥੇ ਆਈ.ਸੀ.ਓ ਦੀ ਵੈਬਸਾਈਟ **https://ico.org.uk** 'ਤੇ ਦੇਖੇ ਜਾ ਸਕਦੇ ਹਨ।

## ਤੁਹਾਡਾ ਸ਼ਿਕਾਇਤ ਕਰਨ ਦਾ ਅਧਿਕਾਰ

ਜੇ ਤੁਹਾਡੇ ਨਿੱਜੀ ਡੇਟਾ ਦੀ ਸਾਡੀ ਵਰਤੋਂ ਬਾਰੇ ਤੁਹਾਡੇ ਕੋਲ ਇੱਕ ਸ਼ਿਕਾਇਤ ਹੈ, ਤਾਂ ਤੁਸੀਂ 'ਤੇ ਇਨਫਾਰਮੇਸ਼ਨ ਕਮਿਸ਼ਨਰ ਦੇ ਦਫ਼ਤਰ ਨਾਲ **https://ico.org.uk/concerns** 'ਤੇ ਆਨਲਾਈਨ ਜਾਂ 0303 123 1113 'ਤੇ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹੋ। ਪਰ ਅਸੀਂ ਆਈ.ਐੱਸ.ਓ ਤੱਕ ਤੁਹਾਡੇ ਵੱਲੋਂ ਪਹੁੰਚ ਕੀਤੇ ਜਾਣ ਤੋਂ ਪਹਿਲਾਂ ਤੁਹਾਡੀ ਚਿੰਤਾ ਨੂੰ ਨਜਿੱਠਣ ਦੇ ਮੌਕੇ ਦੀ ਸ਼ਲਾਘਾ ਕਰਾਂਗੇ ਇਸ ਲਈ ਕਿਰਪਾ ਕਰਕੇ ਪਹਿਲਾਂ ਸਾਡੇ ਨਾਲ ਸੰਪਰਕ ਕਰੋ।